SES

StormSafe

Punjabi

ਤੂਫ਼ਾਨ ਖਤਰਨਾਕ ਹੋ ਸਕਦੇ ਹਨ।

ਤੂਫ਼ਾਨ ਤੇਜ਼ ਹਨੇਰੀ, ਭਾਰੀ ਬਾਰਸ਼, ਅਸਮਾਨੀ ਬਿਜਲੀ ਅਤੇ ਗੜਿਆਂ ਦੇ ਨਾਲ ਆ ਸਕਦੇ ਹਨ।

ਭਾਰੀ ਬਾਰਸ਼ ਅਚਨਚੇਤ ਹੜ੍ਹ ਦਾ ਕਾਰਣ ਬਣ ਸਕਦੀ ਹੈ। ਨੀਵੇਂ ਖੇਤਰ ਬਿਨਾਂ ਚੇਤਾਵਨੀ ਤੋਂ ਹੜ੍ਹ ਦੀ ਮਾਰ ਥੱਲੇ ਆ ਸਕਦੇ ਹਨ।

ਤੂਫ਼ਾਨ ਦੀਆਂ ਚੇਤਾਵਨੀਆਂ ਨੂੰ ਸੁਣੋ। ਯਕੀਨੀ ਬਣਾਓ ਕਿ ਦੋਸਤਾਂ, ਪਰਵਾਰ ਅਤੇ ਗੁਆਂਢੀ ਚੇਤਾਵਨੀ ਬਾਰੇ ਜਾਣਦੇ ਹੋਣ।

ਜੇ ਗੱਡੀ ਚਲਾ ਰਹੇ ਹੋ, ਤਾਂ ਆਵਾਜਾਈ ਤੋਂ ਪਰ੍ਹੇ ਸੁਰੱਖਿਅਤ ਤਰੀਕੇ ਨਾਲ ਇਕ ਪਾਸੇ ਲਾ ਲਓ। ਖਤਰੇ ਵਾਲੀਆਂ ਬੱਤੀਆਂ ਜਗਾ ਲਓ ਅਤੇ ਤੂਫ਼ਾਨ ਦੇ ਲੰਘ ਜਾਣ ਦਾ ਇੰਤਜ਼ਾਰ ਕਰੋ।

ਆਪਣੀ ਗੱਡੀ ਨੂੰ ਰੁੱਖਾਂ ਥੱਲੇ ਖੜੀ **ਨਾ ਕਰੋ**। ਤੂਫ਼ਾਨ ਦੇ ਦੌਰਾਨ ਰੁੱਖ ਅਤੇ ਟਾਹਣੀਆਂ ਡਿੱਗ ਸਕਦੀਆਂ ਹਨ।

ਜੇਕਰ ਬਾਹਰ ਹੋ, ਤਾਂ ਅੰਦਰ ਦੀ ਸ਼ਰਨ ਲੱਭੋ। ਰੁੱਖਾਂ ਦੇ ਥੱਲੇ ਸ਼ਰਨ **ਨਾ ਲਵੋ**।

ਆਪਣੇ ਬਗੀਚੇ ਜਾਂ ਘਰ ਦੇ ਆਲੇ ਦੁਆਲੇ ਖਿਲਰੀਆਂ ਸਾਰੀਆਂ ਚੀਜਾਂ ਨੂੰ ਸੰਭਾਲ ਲਓ।

ਜੇਕਰ ਅੰਦਰ ਹੋ, ਤਾਂ ਖਿੜਕੀਆਂ ਤੋਂ ਦੂਰ ਰਹੋ।

ਆਪਾਤਕਾਲੀਨ ਚੇਤਾਵਨੀਆਂ ਅਤੇ ਨਸੀਹਤਾਂ ਵਾਸਤੇ ਆਪਣੇ ABC ਜਾਂ ਸਥਾਨਿਕ ਰੇਡੀਓ ਸਟੇਸ਼ਨਾਂ ਨੂੰ ਸੁਣੋ।

ਆਪਣੇ ਘਰ ਜਾਂ ਵਪਾਰ ਲਈ ਘਰੇਲੂ ਆਪਾਤਕਾਲੀਨ ਯੋਜਨਾ ਤਿਆਰ ਕਰੋ।

ਇਹਨਾਂ ਨਾਲ ਇਕ ਆਪਾਤਕਾਲੀਨ ਕਿੱਟ ਤਿਆਰ ਕਰੋ:
- ਮਹੱਤਵਪੂਰਣ ਦਸਤਾਵੇਜ਼ (ਪਾਸਪੋਰਟ/ਵੀਜ਼ਾ, ਦਵਾਈਆਂ ਵਾਲੀਆਂ ਪਰਚੀਆਂ)
- ਬੈਟਰੀ ਨਾਲ ਚੱਲਣ ਵਾਲਾ ਰੇਡੀਓ
- ਮੁੱਢਲੀ ਸਹਾਇਤਾ ਕਿੱਟ
- ਟੌਰਚ
- ਫ਼ੋਟੋਆਂ ਅਤੇ ਪਹਿਚਾਣ ਪੱਤਰ।

ਹੜ੍ਹ ਅਤੇ ਤੂਫ਼ਾਨ ਸਮੇਂ ਆਪਾਤਕਾਲੀਨ ਸਹਾਇਤਾ ਵਾਸਤੇ 132 500 ਉਪਰ ਫ਼ੋਨ ਕਰੋ।

ਜਾਨ ਦੇ ਖਤਰੇ ਵਾਲੀ ਆਪਾਤਕਾਲੀਨ ਸਥਿਤੀ ਵਾਸਤੇ 000 ਉਪਰ ਫ਼ੋਨ ਕਰੋ।

ਜੇ ਤੁਹਾਨੂੰ ਬਾਹਰ ਨਿਕਲਣ ਦੀ ਲੋੜ ਪਵੇ, ਤਾਂ ਮੁੱਢਲੀ ਸਹਾਇਤਾ ਕਿੱਟ ਨਾਲ ਲੈ ਜਾਓ।

ਹੜ੍ਹ ਦੇ ਪਾਣੀ ਵਿੱਚੋਂ ਦੀ ਕਦੇ ਵੀ ਗੱਡੀ ਚਲਾ ਕੇ, ਚੜ੍ਹ ਕੇ ਜਾਂ ਤੁਰ ਕੇ **ਕਦੇ ਵੀ** ਨਾ ਲੰਘੋ।

ਬੱਚਿਆਂ ਨੂੰ ਹੜ੍ਹ ਦੇ ਪਾਣੀ ਵਿੱਚ **ਕਦੇ ਵੀ** ਨਾ ਖੇਡਣ ਦਿਓ। ਇਹ ਗੰਦਾ ਅਤੇ ਖਤਰਨਾਕ ਹੈ।

ਜਦੋਂ ਤੂਫ਼ਾਨ ਲੰਘ ਜਾਵੇ, ਲੋਕਾਂ ਨੂੰ ਦੱਸ ਦਿਓ ਕਿ ਤੁਸੀਂ ਠੀਕ ਠਾਕ ਹੋ।